# ਪੀ ਏ ਯੂ ਦੀਆਂ 3 ਸਬਜ਼ੀ ਦੀਆਂ ਕਿਸਮਾਂ ਦੀ ਕਾਸ਼ਤ ਲਈ ਕੌਮੀ ਪੱਧਰ 'ਤੇ ਪਛਾਣ

ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ ਏ ਯੂ), ਲੁਧਿਆਣਾ ਦੇ ਵਿਗਿਆਨੀਆਂ ਨੇ ਬੀਤੇ ਦਿਨੀਂ ਸਬਜ਼ੀ ਦੀਆਂ ਫਸਲਾਂ ਬਾਰੇ ਆਲ ਇੰਡੀਆ ਕੁਆਰਡੀਨੇਟਿਡ ਖੋਜ ਪ੍ਰੋਜੈਕਟ ਦੀ 39ਵੀਂ ਸਲਾਨਾ ਗਰੁੱਪ ਮੀਟਿੰਗ ਵਿੱਚ ਹਿੱਸਾ ਲਿਆ। ਆਨਲਾਈਨ ਹੋਈ ਇਸ ਮੀਟਿੰਗ ਵਿੱਚ ਪੀ ਏ ਯੂ ਦੀਆਂ ਤਿੰਨ ਕਿਸਮਾਂ ਦੀ ਪਛਾਣ ਰਾਸ਼ਟਰੀ ਪੱਧਰ 'ਤੇ ਕਾਸ਼ਤ ਲਈ ਹੋਈ।

ਇਹਨਾਂ ਵਿੱਚ ਬੈਂਗਣਾਂ ਦੀ ਹਾਈਬ੍ਰਿਡ ਕਿਸਮ ਪੀ ਬੀ ਐੱਚ ਐੱਲ-56 ਨੂੰ ਜ਼ੋਨ-4 ਅਤੇ ਜ਼ੋਨ-5 ਵਿੱਚ ਕਾਸ਼ਤ ਲਈ ਚੁਣਿਆ ਗਿਆ। ਜ਼ੋਨ-4 ਵਿੱਚ ਪੰਜਾਬ, ਉੱਤਰ ਪ੍ਰਦੇਸ਼, ਬਿਹਾਰ ਅਤੇ ਝਾਰਖੰਡ, ਅਤੇ ਜ਼ੋਨ-5 ਵਿੱਚ ਰਾਜਸਥਾਨ, ਗੁਜਰਾਤ, ਹਰਿਆਣਾ ਅਤੇ ਦਿੱਲੀ ਆਉਂਦੇ ਹਨ।

ਇਸੇ ਤਰ੍ਹਾਂ ਬੈਂਗਣਾਂ ਦੀ ਕਿਸਮ ਪੰਜਾਬ ਭਰਪੂਰ ਨੂੰ ਜ਼ੋਨ-1 (ਜੰਮੂ ਕਸ਼ਮੀਰ, ਹਿਮਾਚਲ ਅਤੇ ਉੱਤਰਾਖੰਡ), ਜ਼ੋਨ-3 (ਸਿੱਕਮ, ਮੇਘਾਲਿਆ, ਮਣੀਪੁਰ, ਨਾਗਾਲੈਂਡ, ਮਿਜ਼ੋਰਮ, ਤ੍ਰਿਪੁਰਾ, ਅਰੁਣਾਚਲ ਪ੍ਰਦੇਸ਼, ਅੰਡੇਮਾਨ ਅਤੇ ਨਿਕੋਬਾਰ ਦੀਪ) ਅਤੇ ਜ਼ੋਨ-8, ਜਿਸ ਵਿੱਚ ਕਰਨਾਟਕ, ਤਾਮਿਲ ਨਾਡੂ, ਕੇਰਲ ਅਤੇ ਪੁਡੂਚੇਰੀ ਸ਼ਾਮਿਲ ਹਨ, ਵਿੱਚ ਕਾਸ਼ਤ ਲਈ ਪਛਾਣਿਆ ਗਿਆ।

ਟਮਾਟਰਾਂ ਦੀ ਹਾਈਬ੍ਰਿਡ ਟੀ ਐੱਚ-1214 (ਪੀ ਟੀ ਐੱਚ-2) ਨੂੰ ਜ਼ੋਨ-4 (ਪੰਜਾਬ, ਯੂ ਪੀ, ਬਿਹਾਰ ਅਤੇ ਝਾਰਖੰਡ) ਵਿੱਚ ਕਾਸ਼ਤ ਲਈ ਢੁੱਕਵਾਂ ਪਾਇਆ ਗਿਆ।

ਪੀ ਏ ਯੂ ਸਬਜ਼ੀ ਵਿਗਿਆਨ ਵਿਭਾਗ ਦੇ ਮੁਖੀ ਤਰਸੇਮ ਸਿੰਘ ਢਿੱਲੋਂ ਨੇ ਇਹਨਾਂ ਕਿਸਮਾਂ ਬਾਰੇ ਦੱਸਿਆ ਕਿ ਪੀ ਬੀ ਐੱਚ ਐੱਲ-56 ਬੈਂਗਣਾਂ ਦੀ ਹਾਈਬ੍ਰਿਡ ਕਿਸਮ ਹੈ ਜਿਸਦੇ ਫਲ ਲੰਮੇ ਅਤੇ ਕਾਲੇ ਜਾਮਣੀ ਰੰਗ ਦੇ ਹੁੰਦੇ ਹਨ। ਇਸਦਾ ਔਸਤ ਝਾੜ 274 ਕੁਇੰਟਲ ਪ੍ਰਤੀ ਏਕੜ ਹੈ।

ਪੰਜਾਬ ਭਰਪੂਰ ਬੈਂਗਣ ਦੀ ਗੁੱਛਿਆਂ ਵਿੱਚ ਲੱਗਣ ਵਾਲੇ ਛੋਟੇ ਗੋਲ ਫਲਾਂ ਵਾਲੀ ਕਿਸਮ ਹੈ। ਇਸਦੇ ਫਲ ਛੋਟੇ, ਚਮਕਦਾਰ, ਗੂੜ੍ਹੇ ਬੈਂਗਣੀ ਹੁੰਦੇ ਹਨ। ਇਸ ਕਿਸਮ ਦਾ ਔਸਤ ਝਾੜ 224 ਕੁਇੰਟਲ ਪ੍ਰਤੀ ਏਕੜ ਹੁੰਦਾ ਹੈ।

ਟਮਾਟਰਾਂ ਦੀ ਹਾਈਬ੍ਰਿਡ ਕਿਸਮ ਟੀ ਐੱਚ-1214 (ਪੀ ਟੀ ਐੱਚ-2) ਵੱਧ ਝਾੜ (270 ਕੁਇੰਟਲ ਪ੍ਰਤੀ ਏਕੜ) ਦੇਣ ਵਾਲੀ ਕਿਸਮ ਹੈ ਜੋ ਲੁਆਈ ਤੋਂ 114 ਦਿਨਾਂ ਬਾਅਦ ਪਹਿਲੀ ਵਾਰ ਫਲ ਦੇਣ ਲੱਗਦੀ ਹੈ। ਇਸਦੇ ਫਲ ਗੋਲ, ਗੂੜ੍ਹੇ ਲਾਲ, ਦਰਮਿਆਨੇ ਆਕਾਰ ਦੇ ਅਤੇ ਕਰੜੇ ਹੁੰਦੇ ਹਨ। ਪਛੇਤਾ ਝੁਲਸ ਰੋਗ (ਬਲਾਈਟ) ਅਤੇ ਜੜ੍ਹਾਂ ਦੇ ਗਾਲੇ ਵਰਗੀਆਂ ਬਿਮਾਰੀਆਂ ਦਾ ਟਾਕਰਾ ਕਰਨ ਦੀ ਸਮਰਥਾ ਇਸ ਕਿਸਮ ਵਿੱਚ ਪਾਈ ਜਾਂਦੀ ਹੈ।